TERMS & CONDITIONS

1. **Eligibility of Firms:**
   Sealed quotations shall be accepted only from **registered, authorized and reputed firms / suppliers** dealing in stationery items and having valid **GST registration**.

2. **Rates:**
   The rates quoted shall be **F.O.R. Judicial Courts Complex, Ferozepur**, inclusive of packing, forwarding, loading, unloading and transportation charges.

3. **GST & Statutory Taxes:**
   The firm shall clearly indicate whether the quoted rates are **inclusive or exclusive of GST. GST rate and GST amount must be shown separately**. Payment of GST shall be regulated as per **Government of India / Government of Punjab rules** in force.

4. **Quality & Specification:**
   The material supplied shall be **brand new, unused, of approved quality** and strictly as per the specifications mentioned in the public notice. Any material found to be sub-standard, damaged or not as per specification shall be **rejected and replaced at the risk and cost of the supplier**.

5. **Delivery Schedule:**
   The supply shall be completed **within 7 days** from the date of issue of supply order or within the time period specified by this office.

6. **Payment Conditions:**
   Payment shall be made through Treasury Office, Ferozepur **after complete and satisfactory supply** of material, on submission of a **proper bill in duplicate**, duly supported with **valid GST invoice**, and after due verification by the competent authority. No advance payment shall be made.

7. **Lowest Rate (L-1):**
   Normally, the supply order shall be placed on the **lowest responsive (L-1) quotation**, subject to fulfillment of all terms and conditions and approval of the competent authority. Preference will be given to the **local firms / suppliers.**

8. **Failure / Delay:**
   In case of failure to supply the material within the stipulated period or non-compliance of terms, this office reserves the right to **cancel the supply order without further notice** and take action as deemed fit.

9. **Right of Acceptance / Rejection:**
   The Civil Judge (Sr. Divn.), Ferozepur, reserves the right to **accept or reject any or all quotations wholly or partly without assigning any reason**, and the decision of the competent authority shall be final.

10. **Jurisdiction:**
    Any dispute arising out of this procurement process shall be subject to the jurisdiction of Courts at Ferozepur only.

ਸ਼ਰਤਾਂ ਅਤੇ ਨਿਯਮ

1. ਫਰਮ ਦੀ ਯੋਗਤਾ:

ਸੀਲਬੰਦ ਦਰ ਪੱਤਰ ਸਿਰਫ਼ ਉਹਨਾਂ ਰਜਿਸਟਰਡ, ਅਧਿਕ੍ਰਿਤ ਅਤੇ ਪ੍ਰਤਿਸ਼ਠਿਤ ਫਰਮਾਂ / ਸਪਲਾਇਰਾਂ ਤੋਂ ਹੀ ਸਵੀਕਾਰ ਕੀਤੇ ਜਾਣਗੇ, ਜੋ ਸਟੇਸ਼ਨਰੀ ਸਮਾਨ ਦੀ ਸਪਲਾਈ ਕਰਦੇ ਹੋਣ ਅਤੇ ਜਿਨ੍ਹਾਂ ਕੋਲ ਵੈਧ GST ਰਜਿਸਟ੍ਰੇਸ਼ਨ ਹੋਵੇ।

2. ਦਰਾਂ:

ਦਰਾਂ F.O.R. ਨਿਆਂਇਕ ਅਦਾਲਤਾਂ ਕੰਪਲੈਕਸ, ਫ਼ਿਰੋਜ਼ਪੁਰ ਹੋਣਗੀਆਂ ਅਤੇ ਪੈਕਿੰਗ, ਫਾਰਵਰਡਿੰਗ, ਲੋਡਿੰਗ, ਅਨਲੋਡਿੰਗ ਅਤੇ ਟਰਾਂਸਪੋਰਟ ਦੇ ਸਾਰੇ ਖ਼ਰਚੇ ਸ਼ਾਮਲ ਹੋਣਗੇ।

3. GST ਅਤੇ ਕਾਨੂੰਨੀ ਟੈਕਸ:

ਫਰਮ ਵੱਲੋਂ ਸਪਸ਼ਟ ਕੀਤਾ ਜਾਵੇ ਕਿ ਦਰਾਂ GST ਸਮੇਤ ਜਾਂ ਬਿਨਾਂ GST ਹਨ। GST ਦਰ ਅਤੇ GST ਰਕਮ ਵੱਖ-ਵੱਖ ਦਰਸਾਉਣੀ ਲਾਜ਼ਮੀ ਹੋਵੇਗੀ। GST ਦਾ ਭੁਗਤਾਨ ਕੇਂਦਰ ਅਤੇ ਪੰਜਾਬ ਸਰਕਾਰ ਦੇ ਲਾਗੂ ਨਿਯਮਾਂ ਅਨੁਸਾਰ ਕੀਤਾ ਜਾਵੇਗਾ।

4. ਗੁਣਵੱਤਾ ਅਤੇ ਵਿਵਰਣ:

ਸਪਲਾਈ ਕੀਤਾ ਸਮਾਨ ਨਵਾਂ, ਅਣਵਰਤਿਆ, ਮਨਜ਼ੂਰਸ਼ੁਦਾ ਗੁਣਵੱਤਾ ਦਾ ਹੋਣਾ ਚਾਹੀਦਾ ਹੈ ਅਤੇ ਜਨਤਕ ਸੂਚਨਾ ਵਿੱਚ ਦਰਸਾਏ ਵਿਵਰਣ ਅਨੁਸਾਰ ਹੋਣਾ ਚਾਹੀਦਾ ਹੈ। ਘਟੀਆ, ਖ਼ਰਾਬ ਜਾਂ ਵਿਵਰਣ ਅਨੁਸਾਰ ਨਾ ਹੋਣ ਵਾਲਾ ਸਮਾਨ ਫਰਮ ਦੇ ਜੋਖਮ ਅਤੇ ਖ਼ਰਚ 'ਤੇ ਬਦਲਵਾਇਆ ਜਾਵੇਗਾ।

5. ਸਪਲਾਈ ਸਮਾਂ:

ਸਪਲਾਈ ਆਰਡਰ ਜਾਰੀ ਹੋਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਜਾਂ ਇਸ ਦਫ਼ਤਰ ਵੱਲੋਂ ਨਿਰਧਾਰਤ ਸਮੇਂ ਅੰਦਰ ਸਪਲਾਈ ਕਰਨੀ ਲਾਜ਼ਮੀ ਹੋਵੇਗੀ।

6. ਭੁਗਤਾਨ ਦੀਆਂ ਸ਼ਰਤਾਂ:

ਸਮਾਨ ਦੀ ਪੂਰੀ ਅਤੇ ਸੰਤੋਸ਼ਜਨਕ ਸਪਲਾਈ ਉਪਰਾਂਤ, ਟ੍ਰਿਜ਼ਰੀ ਦਫ਼ਤਰ, ਫ਼ਿਰੋਜ਼ਪੁਰ ਰਾਹੀਂ ਭੁਗਤਾਨ ਕੀਤਾ ਜਾਵੇਗਾ, ਜੋ ਕਿ GST ਇਨਵੌਇਸ ਸਮੇਤ ਦੁਹਰੀ ਕਾਪੀ ਵਿੱਚ ਬਿੱਲ ਜਮ੍ਹਾਂ ਕਰਵਾਉਣ ਅਤੇ ਯੋਗ ਅਧਿਕਾਰੀ ਵੱਲੋਂ ਜਾਂਚ ਉਪਰਾਂਤ ਕੀਤਾ ਜਾਵੇਗਾ। ਕਿਸੇ ਵੀ ਕਿਸਮ ਦਾ ਅਗਾਊਂ ਭੁਗਤਾਨ ਨਹੀਂ ਕੀਤਾ ਜਾਵੇਗਾ।

7. ਘੱਟੋ-ਘੱਟ ਦਰ (L-1):

ਆਮ ਤੌਰ 'ਤੇ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਵਾਲਾ ਸਭ ਤੋਂ ਘੱਟ (L-1) ਯੋਗ ਦਰ ਪੱਤਰ ਸਵੀਕਾਰ ਕੀਤਾ ਜਾਵੇਗਾ। ਸਥਾਨਕ ਫਰਮਾਂ / ਸਪਲਾਇਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

8. ਅਸਫ਼ਲਤਾ / ਦੇਰੀ:

ਨਿਰਧਾਰਤ ਸਮੇਂ ਅੰਦਰ ਸਪਲਾਈ ਨਾ ਕਰਨ ਜਾਂ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ, ਇਹ ਦਫ਼ਤਰ ਬਿਨਾਂ ਕਿਸੇ ਹੋਰ ਨੋਟਿਸ ਦੇ ਸਪਲਾਈ ਆਰਡਰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।

9. ਸਵੀਕਾਰ / ਰੱਦ ਕਰਨ ਦਾ ਅਧਿਕਾਰ:

ਸਿਵਲ ਜੱਜ (ਸੀਨੀਅਰ ਡਿਵੀਜ਼ਨ), ਫ਼ਿਰੋਜ਼ਪੁਰ ਕੋਲ ਕਿਸੇ ਵੀ ਜਾਂ ਸਾਰੇ ਦਰ ਪੱਤਰਾਂ ਨੂੰ ਪੂਰੇ ਜਾਂ ਅੰਸ਼ਿਕ ਤੌਰ 'ਤੇ ਬਿਨਾਂ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖ਼ਵਾਂ ਰਹੇਗਾ, ਅਤੇ ਯੋਗ ਅਧਿਕਾਰੀ ਦਾ ਫੈਸਲਾ ਅੰਤਿਮ ਹੋਵੇਗਾ।

10. ਅਧਿਕਾਰ ਖੇਤਰ:

ਇਸ ਖਰੀਦ ਪ੍ਰਕਿਰਿਆ ਨਾਲ ਸੰਬੰਧਿਤ ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਫ਼ਿਰੋਜ਼ਪੁਰ ਦੀ ਅਦਾਲਤੀ ਸੀਮਾ ਹੀ ਲਾਗੂ ਹੋਵੇਗੀ।

OFFICE OF THE CIVIL JUDGE (SR. DIVN.), FEROZEPUR

JUDICIAL COURTS COMPLEX, FEROZEPUR

PUBLIC NOTICE

(Notice Inviting Quotations)

Sealed quotations are hereby invited from **registered, authorized and reputed local firms / suppliers** for the purchase of the following stationery items for official use:-

Sr. No.	Item	Make	Quantity	Specification
1	Legal Paper	Trident	200 Reams	75 GSM
2	A-4 Paper	Trident	800 Reams	75 GSM

The sealed quotations should reach this office **on or before 16.02.2026 up to 5:00 PM.** The quotations shall be submitted in a **properly sealed envelope** superscribed as: **"Quotation for Purchase of Paper"**.

Quotations received after the due date and time or not in accordance with the prescribed terms and conditions shall **not be entertained**. The undersigned reserves the right to **accept or reject any or all the quotations without assigning any reason**.

Place: Ferozepur
Dated: 10.02.2026

Civil Judge (Senior Division),
Ferozepur

ਦਫ਼ਤਰ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਫ਼ਿਰੋਜ਼ਪੁਰ

ਅਦਾਲਤ ਕੰਪਲੈਕਸ, ਫ਼ਿਰੋਜ਼ਪੁਰ

ਜਨਤਕ ਸੂਚਨਾ

(ਦਰ ਪੱਤਰ ਮੰਗਣ ਸਬੰਧੀ ਨੋਟਿਸ)

ਇਸ ਦਫ਼ਤਰ ਦੀ ਸਰਕਾਰੀ ਵਰਤੋਂ ਲਈ ਹੇਠ ਲਿਖੀਆਂ ਸਟੇਸ਼ਨਰੀ ਵਸਤੂਆਂ ਦੀ ਖਰੀਦ ਵਾਸਤੇ **ਰਜਿਸਟਰਡ, ਅਧਿਕ੍ਰਿਤ ਅਤੇ ਪ੍ਰਤਿਸ਼ਠਿਤ ਸਥਾਨਕ ਫਰਮਾਂ / ਸਪਲਾਇਰਾਂ** ਤੋਂ **ਸੀਲਬੰਦ ਦਰ ਪੱਤਰ** ਮੰਗੇ ਜਾਂਦੇ ਹਨ:-

ਕਰਮ ਸੰਖਿਆ	ਵਸਤੂ ਦਾ ਨਾਂ	ਮੇਕ	ਮਾਤਰਾ	ਵਿਵਰਣ
1	ਲੀਗਲ ਪੇਪਰ	Trident	200 ਰੀਮ	75 GSM
2	A-4 ਪੇਪਰ	Trident	800 ਰੀਮ	75 GSM

ਸੀਲਬੰਦ ਦਰ ਪੱਤਰ ਇਸ ਦਫ਼ਤਰ ਵਿੱਚ **16.02.2026 ਨੂੰ ਸ਼ਾਮ 5:00 ਵਜੇ ਤੱਕ** ਪਹੁੰਚ ਜਾਣੇ ਚਾਹੀਦੇ ਹਨ। ਦਰ ਪੱਤਰ **ਠੀਕ ਤਰੀਕੇ ਨਾਲ ਸੀਲ ਕੀਤੇ ਲਿਫਾਫੇ** ਵਿੱਚ ਜਮ੍ਹਾਂ ਕਰਵਾਏ ਜਾਣ ਅਤੇ ਲਿਫਾਫੇ ਉੱਤੇ ਸਪਸ਼ਟ ਤੌਰ 'ਤੇ ਲਿਖਿਆ ਹੋਵੇ:- **"ਕਾਗਜ਼ ਦੀ ਖਰੀਦ ਲਈ ਦਰ ਪੱਤਰ"**।

ਨਿਰਧਾਰਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਜਾਂ ਨਿਰਧਾਰਤ ਸ਼ਰਤਾਂ ਅਨੁਸਾਰ ਨਾ ਹੋਣ ਵਾਲੇ ਦਰ ਪੱਤਰਾਂ 'ਤੇ **ਕੋਈ ਵਿਚਾਰ ਨਹੀਂ ਕੀਤਾ ਜਾਵੇਗਾ**। ਹੇਠ ਸਹੀ ਕਰਨ ਵਾਲੇ ਕੋਲ **ਕਿਸੇ ਵੀ ਜਾਂ ਸਾਰੇ ਦਰ ਪੱਤਰਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ** ਰਾਖ਼ਵਾਂ ਰਹੇਗਾ।

ਥਾਂ: ਫ਼ਿਰੋਜ਼ਪੁਰ

ਤਾਰੀਖ: 10-02-2026

ਸਿਵਲ ਜੱਜ (ਸੀਨੀਅਰ ਡਿਵੀਜ਼ਨ)

ਫ਼ਿਰੋਜ਼ਪੁਰ